# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ ਮੈਂਬਰ ਸਕੱਤਰ
# ਸਟੇਟ ਲਿਟਰੇਸੀ ਮਿਸ਼ਨ ਅਥਾਰਟੀ ਪੰਜਾਬ

**ਪੰਜਵੀਂ ਮੰਜਿਲ, ਈ ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ 8, ਅਜੀਤਗੜ੍ਹ**

**E-mail: - pblit@yahoo.in, Phone: - 01725212330**


ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)

ਪੰਜਾਬ।

ਮੀਮੋ ਨੰ.-ਸਾ.ਭਾ/2014/SB|20144216

ਮਿਤੀ ਮੋਹਾਲੀ-17-10-2014

ਵਿਸ਼ਾ :- ਸਵੀਪ ਸੰਬੰਧੀ ਪ੍ਰਣ ਪੱਤਰ ਭੇਜਣ ਬਾਰੇ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਜਿਵੇ ਕਿ ਆਪ ਨੂੰ ਪਤਾ ਹੀ ਹੈ ਕਿ ਲੋਕਤੰਤਰ ਵਿੱਚ ਵੋਟ ਦਾ ਇੱਕ ਅਹਿਮ ਰੋਲ ਹੁੰਦਾ ਹੈ ਇਸ ਲਈ ਵੋਟ ਪਾਉਣ ਲਈ ਵੋਟਰ ਕਾਰਡ ਬਣਾਉਣਾ ਵੀ ਬਹੁਤ ਜਰੂਰੀ ਬਣ ਜਾਂਦਾ ਹੈ। ਇਸ ਦੇ ਮੱਦੇ ਨਜਰ ਆਪ ਵਲੋਂ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਵਿਦਿਆਰਥੀ ਜਿਸਦੀ ਉਮਰ ਮਿਤੀ 01-01-2015 ਨੂੰ 18 ਸਾਲ ਜਾਂ ਉਸ ਤੋ ਵੱਧ ਹੈ ਉਹ ਵੋਟ ਬਣਾਉਣ ਤੋ ਵਾਂਝਾ ਨਾ ਰਹੇ ਅਤੇ ਵਿਦਿਆਰਥੀ ਆਪਣੇ ਮਾਪਿਆਂ ਤੋ ਸਵੀਪ( ਸੰਕਲਪ ਪੱਤਰ)ਜੋ ਕਿ ਨਾਲ ਨੱਥੀ ਹੈ ਤੇ ਹਸਤਾਖਰ ਕਰਵਾ ਕੇ ਸਕੂਲ ਮੁਖੀ ਕੋਲ ਲਿਆਵੇ।

ਇਸ ਸੰਬੰਧੀ ਕੀਤੀ ਕਾਰਵਾਈ ਦੀ ਸੂਚਨਾ ਦਫਤਰ ਮੁੱਖ ਚੋਣ ਅਫਸਰ ਪੰਜਾਬ ਐਸ.ਸੀ.ਓ.29-30, ਸੈਕਟਰ-17 ਈ, ਚੰਡੀਗੜ੍ਹ। ਫੋਨ ਨੰ: 0172-2704701, 2724037, 2704779 ਫੈਕਸ:0172-2707970 Email: ceo_punjab@eci.gov.in ਨੂੰ ਕਰਦੇ ਹੋਏ ਇਸ ਦੀ ਇਕ ਹਾਰਡ ਕਾਪੀ ਇਸ ਦਫਤਰ ਨੂੰ ਵੀ ਪੁੱਜਦੀ ਕੀਤੀ ਜਾਵੇ। (ਇਹ ਸੂਚਨਾ ਫੋਰਨ ਸੀ. ਸੈ. ਸਕੂਲਾਂ ਵਿਚ ਭੇਜੀ — ਕਾਰਵਾਈ ਹਿਤ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ ਮੈਂਬਰ ਸਕੱਤਰ
ਸਟੇਟ ਲਿਟਰੇਸੀ ਮਿਸ਼ਨ ਅਥਾਰਟੀ ਪੰਜਾਬ

**ਪਿਠ ਅੰਕਣ ਨੰ:- ਸ਼.ਭ/2014/SB|20144216** **ਮਿਤੀ:-17-10-2014**

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੁਖ ਚੋਣ ਅਫਸਰ,ਪੰਜਾਬ,ਐਸ.ਸੀ.ਓ.29-30,ਸੈਕਟਰ-17 ਈ ,ਚੰਡੀਗੜ੍ਹ।
2. ਮੰਡਲ ਸਿੱਖਿਆ ਅਫਸਰ ਨਾਭਾ, ਫਰੀਦਕੋਟ, ਜਲੰਧਰ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ ਮੈਂਬਰ ਸਕੱਤਰ
ਸਟੇਟ ਲਿਟਰੇਸੀ ਮਿਸ਼ਨ ਅਥਾਰਟੀ ਪੰਜਾਬ

# ਜਿੰਮੇਵਾਰ ਬਣੋ ਵੋਟਰ ਬਣੋ

## ਵੋਟਰ ਬਣੋ

ਅਸੀ ਭਾਰਤ ਦੇ ਨਾਗਰਿਕ ਲੋਕਤੰਤਰ ਵਿੱਚ ਵਿਸ਼ਵਾਸ਼ ਰੱਖਦੇ ਹੋਏ ਪ੍ਰਣ ਕਰਦੇ ਹਾਂ ਕਿ ਅਸੀ ਆਪਣੇ ਦੇਸ਼ ਦੀਆਂ ਲੋਕਤਾਂਤਰਿਕ ਪ੍ਰੰਪਰਾਵਾਂ ਨੂੰ ਬਣਾਈ ਰੱਖਾਂਗੇ ਅਤੇ ਸੁਤੰਤਰ, ਨਿਰਪੱਖ ਅਤੇ ਸ਼ਾਤੀਪੂਰਣ ਚੋਣ ਦੀ ਗਰੀਮਾ ਨੂੰ ਬਰਕਰਾਰ ਰੱਖਦੇ ਹੋਏ ਅਸੀ ਆਪਣੀ ਵੋਟ ਬਣਵਾਵਾਗੇ ਅਤੇ ਆਪਣੇ ਵੋਟ ਦੇ ਅਧਿਕਾਰ ਦਾ ਨਿਡਰ ਹੋ ਕੇ ਅਤੇ ਧਰਮ, ਜਾਤੀ, ਵਰਗ, ਸਮੁਦਾਇ ਭਾਸ਼ਾ ਜਾਂ ਕਿਸੇ ਲਾਲਚ ਦੇ ਪ੍ਰਭਾਵ ਤੋਂ ਬਿਨਾ ਇਸਤੇਮਾਲ ਕਰਾਂਗੇ।

ਭਾਰਤ ਚੋਣ ਕਮਿਸ਼ਨ

**ਵੱਧ ਭਾਗੀਦਾਰੀ ਰਾਹੀਂ**

**ਮਜਬੂਤ ਲੋਕਤੰਤਰ**